## (ੲ) ਵਿਰੋਧਾਰਥਕ ਸ਼ਬਦ :

ਕਿਸੇ ਸ਼ਬਦ ਦੇ ਵਿਰੋਧੀ ਭਾਵਾਂ ਜਾਂ ਅਰਥਾਂ ਨੂੰ ਪ੍ਰਗਟ ਕਰਨ ਵਾਲ਼ੇ ਸ਼ਬਦ ਨੂੰ ਵਿਰੋਧਾਰਥਕ ਸ਼ਬਦ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਸ਼ਬਦ ਦੇ ਵਿਰੋਧੀ ਅਰਥਾਂ ਨੂੰ ਪ੍ਰਗਟ ਕਰਦਾ ਸ਼ਬਦ ਵਿਰੋਧਾਰਥਕ ਸ਼ਬਦ ਹੁੰਦਾ ਹੈ।

ਵਿਰੋਧਾਰਥਕ ਸ਼ਬਦਾਂ ਦੀਆਂ ਉਦਾਹਰਨਾਂ ਹੇਠ ਦਿੱਤੀਆਂ ਹਨ :

| | | | |
|---|---|---|---|
| ਉਸਤਤ | ਨਿੰਦਿਆ | ਉੱਚਾ | ਨੀਵਾਂ |
| ਉਚਾਣ | ਨਿਵਾਣ | ਅਗਾਂਹ | ਪਿਛਾਂਹ |
| ਉੱਚੀ | ਹੌਲ਼ੀ, ਨੀਵੀਂ | ਅਨੋਖਾ | ਸਧਾਰਨ |
| ਉਜਾੜਨਾ | ਵਸਾਉਣਾ | ਅਮੀਰ | ਗ਼ਰੀਬ |
| ਉੱਠਣਾ | ਬੈਠਣਾ | ਅਜ਼ਾਦੀ | ਗ਼ੁਲਾਮੀ |
| ਉਣਨਾ | ਉਧੇੜਨਾ | ਅੰਤ | ਅਰੰਭ |
| ਉੱਤਰਨਾ | ਚੜ੍ਹਨਾ | ਅੰਦਰ | ਬਾਹਰ |
| ਉੱਦਮੀ | ਆਲਸੀ | ਅੰਨ੍ਹਾ | ਸੁਜਾਖਾ |
| ਉੱਪਰ | ਹੇਠਾਂ | ਆਸਤਕ | ਨਾਸਤਕ |
| ਓਪਰਾ | ਜਾਣੂ, ਜਾਣਕਾਰ | ਆਕੜ | ਹਲੀਮੀ, ਨਿਮਰਤਾ |
| ਉਰਲਾ | ਪਰਲਾ | ਆਦਰ | ਨਿਰਾਦਰ |
| ਊਚ | ਨੀਚ | ਆਦਿ | ਅੰਤ |
| ਊਣਾ | ਭਰਿਆ | ਆਪਣਾ | ਪਰਾਇਆ, ਬੇਗਾਨਾ |
| ਅਸਲੀ | ਨਕਲੀ | ਆਮ | ਖ਼ਾਸ |

| | | | |
|---|---|---|---|
| ਔਖ | ਸੌਖ | ਹਨੇਰਾ | ਚਾਨਣ |
| ਇੱਜ਼ਤ | ਬੇਇਜ਼ਤੀ | ਹਮਾਇਤੀ | ਵਿਰੋਧੀ |
| ਇਮਾਨਦਾਰ | ਬੇਈਮਾਨ | ਹਲਾਲ | ਹਰਾਮ |
| ਇੱਥੇ | ਉੱਥੇ | ਹਾਜ਼ਰ | ਗ਼ੈਰਹਾਜ਼ਰ |
| ਇੱਧਰ | ਉੱਧਰ | ਹਾਰ | ਜਿੱਤ |
| ਏਕਤਾ | ਫੁੱਟ | ਹਾੜ੍ਹੀ | ਸਾਉਣੀ |
| ਸਸਤਾ | ਮਹਿੰਗਾ | ਕੱਚਾ | ਪੱਕਾ |
| ਸਹੀ | ਗ਼ਲਤ | ਕਠੋਰ | ਨਰਮ , ਕੋਮਲ |
| ਸਕਾ | ਮਤਰੇਆ | ਕਪੁੱਤਰ | ਸਪੁੱਤਰ |
| ਸੱਖਣਾ | ਭਰਿਆ | ਕੱਲ੍ਹ | ਅੱਜ |
| ਸੱਚ | ਝੂਠ | ਕਾਲ਼ਾ | ਗੋਰਾ |
| ਸੱਜਰ | ਤੋਕੜ | ਕੁੜੱਤਣ | ਮਿਠਾਸ |
| ਸੱਜਰਾ | ਬੇਹਾ | ਕੌੜਾ | ਮਿੱਠਾ |
| ਸਰਦੀ | ਗਰਮੀ | ਖੱਟਣਾ | ਗੁਆਉਣਾ |
| ਸੁਰਗ ਜਾਂ ਸੁਰਗ | ਨਰਕ | ਖਰਾ | ਖੋਟਾ |
| ਸੰਖੇਪ | ਵਿਸਤਾਰ | ਖੁੰਢਾ | ਤਿੱਖਾ |
| ਸੰਘਣਾ | ਵਿਰਲਾ | ਖੁੱਲ੍ਹਾ | ਤੰਗ |
| ਸੰਜੋਗ | ਵਿਜੋਗ | ਗਰਮੀ | ਸਰਦੀ |
| ਸਾਫ਼ | ਮੈਲ਼ਾ | ਗਿੱਲਾ | ਸੁੱਕਾ |
| ਸਿਆਣਾ | ਕਮਲ਼ਾ | ਗੁਣ | ਔਗੁਣ |
| ਸਿੱਧਾ | ਪੁੱਠਾ | ਗੁਪਤ | ਪ੍ਰਗਟ |
| ਸੁਹਾਗਣ | ਵਿਧਵਾ | ਗੂੜ੍ਹਾ | ਫਿੱਕਾ, ਮੱਧਮ |
| ਸੁਸਤ | ਚੁਸਤ | ਗੰਦਾ | ਸਾਫ਼ |
| ਸੁੱਕਾ | ਗਿੱਲਾ, ਹਰਾ | ਘੱਟ | ਵੱਧ |
| ਸੁਖੀ | ਦੁਖੀ | ਘਾਟਾ | ਵਾਧਾ |
| ਸੁਚੱਜਾ | ਕੁਚੱਜਾ | ਚਲਾਕ | ਸਿੱਧਾ |
| ਸੋਗ | ਖ਼ੁਸ਼ੀ | ਚੜ੍ਹਦਾ | ਲਹਿੰਦਾ |
| ਹੱਸਣਾ | ਰੋਣਾ | ਚੜ੍ਹਾਈ | ਉਤਰਾਈ |

| | | | |
|---|---|---|---|
| ਛੋਹਲ਼ਾ | ਸੁਸਤ, ਢਿੱਲਾ, ਮੱਠਾ | ਤਰ | ਖ਼ੁਸ਼ਕ |
| ਛੂਤ | ਅਛੂਤ | ਥੱਲੇ | ਉੱਤੇ |
| ਛੋਟਾ | ਵੱਡਾ | ਥੋੜ੍ਹਾ | ਬਹੁਤਾ |
| ਜਨਮ | ਮਰਨ | ਦਿਨ | ਰਾਤ |
| ਜਾਗਣਾ | ਸੌਣਾ | ਦੂਰ | ਨੇੜੇ |
| ਠੰਢਾ | ਤੱਤਾ | ਦੇਸੀ | ਵਿਦੇਸ਼ੀ |
| ਠਰਨਾ | ਤਪਣਾ | ਦੋਸ਼ | ਗੁਣ |
| ਡਰਾਕਲ਼ | ਦਲੇਰ, ਨਿਡਰ | ਧਰਤੀ | ਅਕਾਸ਼ |
| ਡਿਗਣਾ | ਉੱਠਣਾ | ਧਨੀ | ਕੰਗਾਲ |
| ਡੋਬਣਾ | ਤਾਰਨਾ | ਧੁੱਪ | ਛਾਂ |
| ਢਾਹੁਣਾ | ਉਸਾਰਨਾ | ਨਕਦ | ਉਧਾਰ |
| ਤਕੜਾ | ਮਾੜਾ, ਕਮਜ਼ੋਰ | ਨਵਾਂ | ਪੁਰਾਣਾ |
| ਤੱਤਾ | ਠੰਢਾ | ਨੇਕੀ | ਬਦੀ |
| ਬੁਰਾ | ਭਲਾ | ਨਿਰਮਲ | ਮੈਲ਼ਾ |
| ਭੰਡਣਾ | ਸਲਾਹੁਣਾ | ਨਿਰਜੀਵ | ਸਜੀਵ |
| ਭੰਨਣਾ | ਘੜਨਾ | ਪੱਧਰਾ | ਉੱਚਾ-ਨੀਵਾਂ |
| ਭੋਲ਼ਾ | ਚਲਾਕ, ਤੇਜ਼ | ਪ੍ਰਤੱਖ | ਗੁੱਝਾ, ਲੁਕਵਾਂ |
| ਭਿੱਜਿਆ | ਸੁੱਕਿਆ | ਪਰਦੇਸ | ਸੁਦੇਸ |
| ਮਨਾਹੀ | ਖੁੱਲ੍ਹ | ਪਵਿੱਤਰ | ਅਪਵਿੱਤਰ |
| ਮਿੱਤਰ | ਵੈਰੀ | ਪੜ੍ਹਿਆ | ਅਨਪੜ੍ਹ |
| ਯਕੀਨ | ਸ਼ੱਕ | ਪੁੱਠਾ | ਸਿੱਧਾ |
| ਯਾਰੀ | ਦੁਸ਼ਮਣੀ | ਪੁੱਤਰ | ਕਪੁੱਤਰ |
| ਯੋਗ | ਅਯੋਗ | ਫਸਣਾ | ਨਿਕਲ਼ਨਾ, ਛੁੱਟਣਾ |
| ਰੋਗ | ਅਰੋਗ | ਫੜਨਾ | ਛੱਡਣਾ |
| ਰੱਜਿਆ | ਭੁੱਖਾ | ਫਿੱਕਾ | ਮਿੱਠਾ |
| ਰੋਂਦੂ | ਹਸਮੁਖ | ਬਹਾਦਰ | ਡਰਪੋਕ |
| ਲੋਕ | ਪਰਲੋਕ | ਬਰੀਕ | ਮੋਟਾ |
| ਲੋਭੀ | ਤਿਆਗੀ | ਬਲਵਾਨ | ਨਿਰਬਲ |

| | |
|---|---|
| ਲੋੜਵੰਦ | ਬੇਲੋੜਾ |
| ਵੱਖਰਾ | ਸਾਂਝਾ |
| ਵਧੀਆ | ਘਟੀਆ |
| ਵਰ | ਸਰਾਪ |
| ਵਿਗਾੜਨਾ | ਸੁਆਰਨਾ |
| ਸ਼ਾਂਤੀ | ਅਸ਼ਾਂਤੀ |
| ਸ਼ਰਮੀਲਾ | ਬੇਸ਼ਰਮ |
| ਸ਼ਰਾਬੀ | ਸੋਫ਼ੀ |
| ਖ਼ਰੀਦਣਾ | ਵੇਚਣਾ |
| ਖ਼ਾਲੀ | ਭਰਿਆ |

# ਵਿਰੋਧਾਰਥਕ ਸ਼ਬਦ

ਵਿਰੋਧਾਰਥਕ ਸ਼ਬਦਾਂ ਦਾ ਗਿਆਨ ਦੇਣ ਦਾ ਮੰਤਵ ਵਿਦਿਆਰਥੀ ਦੇ ਸ਼ਬਦ-ਭੰਡਾਰ ਵਿੱਚ ਵਾਧਾ ਕਰਨਾ ਹੈ । ਆਮ ਵਰਤੋਂ ਵਿੱਚ ਇੱਕ ਸ਼ਬਦ ਦੇ ਵਿਰੋਧੀ ਅਰਥ ਵਾਲ਼ੇ ਸ਼ਬਦ ਵਰਤਣ ਦੀ ਲੋੜ ਪੈਂਦੀ ਹੈ, ਜਿਵੇਂ :

1. ਉੱਚੀ ਨਾ ਬੋਲ, ਹੌਲ਼ੀ ਬੋਲ, ਬਾਕੀ ਜਮਾਤਾਂ ਦੇ ਵਿਦਿਆਰਥੀ ਦੂਰ ਨਹੀਂ, ਨੇੜੇ ਹੀ ਬੈਠੇ ਹਨ ।

2. ਨਿੱਕਾ ਹੁੰਦਾ ਨਰਿੰਦਰ ਪਤਲਾ ਹੁੰਦਾ ਸੀ, ਹੁਣ ਵੱਡਾ ਹੋ ਕੇ ਮੋਟਾ ਹੋ ਗਿਆ ਹੈ ।

3. ਦੁੱਖ ਅਤੇ ਸੁੱਖ ਜੀਵਨ ਵਿੱਚ ਆਉਂਦੇ-ਜਾਂਦੇ ਹਨ ਪਰ ਬੰਦੇ ਨੂੰ ਇਮਾਨਦਾਰ ਰਹਿਣਾ ਚਾਹੀਦਾ ਹੈ, ਬੇਈਮਾਨ ਨਹੀਂ ।

ਇਹਨਾਂ ਵਾਕਾਂ ਵਿੱਚ ਹੇਠ ਲਿਖੇ ਵਿਰੋਧਾਰਥਕ ਸ਼ਬਦਾਂ ਦੇ ਜੋੜੇ ਆਏ ਹਨ :

| | |
|---|---|
| ਉੱਚੀ | ਹੌਲ਼ੀ |
| ਨੇੜੇ | ਦੂਰ |
| ਨਿੱਕਾ | ਵੱਡਾ |
| ਪਤਲਾ | ਮੋਟਾ |
| ਦੁੱਖ | ਸੁੱਖ |
| ਇਮਾਨਦਾਰ | ਬੇਈਮਾਨ |
| ਆਉਂਦੇ | ਜਾਂਦੇ |

ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਕਿਸੇ ਸ਼ਬਦ ਦਾ ਕੋਈ ਵਿਰੋਧਾਰਥਕ ਸ਼ਬਦ ਕਿਸੇ ਖ਼ਾਸ ਪ੍ਰਸੰਗ ਵਿੱਚ ਹੀ ਹੁੰਦਾ ਹੈ । ਕਿਸੇ ਹੋਰ ਪ੍ਰਸੰਗ ਵਿੱਚ ਉਸ ਸ਼ਬਦ ਦਾ ਕੋਈ ਹੋਰ ਵਿਰੋਧਾਰਥਕ ਸ਼ਬਦ ਹੋ ਸਕਦਾ ਹੈ । ਉਦਾਹਰਨ ਲਈ ਉੱਪਰਲੇ ਵਾਕਾਂ ਵਿੱਚ ਆਏ ਵਿਰੋਧਾਰਥਕ ਸ਼ਬਦਾਂ ਵਿੱਚੋਂ 'ਉੱਚੀ' ਅਤੇ 'ਪਤਲਾ' ਸ਼ਬਦ ਲੈਂਦੇ ਹਾਂ ।

ਇੱਥੇ 'ਉੱਚੀ' ਸ਼ਬਦ ਦਾ ਵਿਰੋਧਾਰਥਕ ਸ਼ਬਦ 'ਹੌਲ਼ੀ' ਹੈ ਪਰ ਹੋਰ ਪ੍ਰਸੰਗ ਵਿੱਚ ਇਸ ਦਾ ਵਿਰੋਧਾਰਥਕ ਸ਼ਬਦ 'ਨੀਵੀਂ' ਹੋ ਸਕਦਾ ਹੈ, ਜਿਵੇਂ :

"ਦਵਾਈਆਂ ਕਿਸੇ ਉੱਚੀ ਥਾਂ 'ਤੇ ਰੱਖੋ, ਨੀਵੀਂ ਥਾਂ ਰੱਖੀਆਂ ਦਵਾਈਆਂ ਬੱਚਿਆਂ ਦੇ ਹੱਥ ਲੱਗ ਸਕਦੀਆਂ ਹਨ ।"

ਇਸੇ ਤਰ੍ਹਾਂ 'ਪਤਲਾ' ਸ਼ਬਦ ਦਾ ਵਿਰੋਧਾਰਥਕ ਸ਼ਬਦ 'ਮੋਟਾ' ਹੋਣ ਤੋਂ ਬਿਨਾਂ 'ਗਾੜ੍ਹਾ' ਜਾਂ 'ਗਫ਼' ਵੀ ਹੋ ਸਕਦਾ ਹੈ, ਜਿਵੇਂ :

1. ਗਰਮੀਆਂ ਵਿੱਚ <u>ਪਤਲਾ</u> ਕੱਪੜਾ ਪਸੰਦ ਕੀਤਾ ਜਾਂਦਾ ਹੈ ਅਤੇ ਸਰਦੀਆਂ ਵਿੱਚ <u>ਗਫ਼</u> ।"

2. ਜੇ ਬੱਚੇ ਨੂੰ <u>ਗਾੜ੍ਹਾ</u> ਦੁੱਧ ਨਾ ਪਚੇ ਤਾਂ <u>ਪਤਲਾ</u> ਕਰ ਕੇ ਦੇਣਾ ਚਾਹੀਦਾ ਹੈ ।

ਇਸ ਗੱਲ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ 'ਸੁੱਕਾ' ਅਤੇ 'ਪੱਕਾ' ਸ਼ਬਦਾਂ ਦੀਆਂ ਉਦਾਹਰਨਾਂ ਲੈਂਦੇ ਹਾਂ । ਅੱਗੇ ਦਿੱਤੇ ਵਾਕਾਂ ਵਿੱਚ ਵੱਖ-ਵੱਖ ਪ੍ਰਸੰਗਾਂ ਵਿੱਚ ਬਣਦੇ ਇਹਨਾਂ ਸ਼ਬਦਾਂ ਦੇ ਵਿਰੋਧਾਰਥਕ ਸ਼ਬਦ ਲਏ ਗਏ ਹਨ :

1. ਇਹ ਬੂਟਾ ਉੱਤੋਂ ਸੁੱਕਾ ਹੈ ਪਰ ਜੜ੍ਹ ਤੋਂ ਹਰਾ ਹੈ ।

2. ਘੋੜੀ ਉੱਤੇ ਸਫ਼ਰ ਕਰਦਿਆਂ ਰਾਹ ਦਾ ਕੋਈ ਫ਼ਰਕ ਨਹੀਂ ਪੈਂਦਾ, ਗਿੱਲਾ ਹੋਵੇ ਭਾਵੇਂ ਸੁੱਕਾ ।

3. 2002 ਤੱਕ ਮੈਂ ਕੱਚਾ ਕਰਮਚਾਰੀ ਰਿਹਾ, ਹੁਣ ਮੈਂ ਪੱਕਾ ਹਾਂ ।

4. ਠੋਲਾ ਮਾਰ ਕੇ ਵੇਖਣ ਨਾਲ਼ ਅਵਾਜ਼ ਤੋਂ ਪੱਕਾ ਅਤੇ ਪਿੱਲਾ ਭਾਂਡਾ ਪਛਾਣਿਆ ਜਾਂਦਾ ਹੈ ।

5. ਕੱਚਾ ਅੰਬ ਅਚਾਰ ਪਾਉਣ ਦੇ ਕੰਮ ਆਉਂਦਾ ਹੈ ਪਰ ਪੱਕਾ ਇਸੇ ਤਰ੍ਹਾਂ ਖਾਣ ਦੇ ।

ਕੁਝ ਸ਼ਬਦ ਅਜਿਹੇ ਹੀ ਹਨ ਜਿਨ੍ਹਾਂ ਦਾ ਵਿਰੋਧਾਰਥਕ ਸ਼ਬਦ ਅਗੇਤਰ ਲਾ ਕੇ ਬਣਦਾ ਹੈ, ਜਿਵੇਂ :

**ਅਗੇਤਰ ਲਾ ਕੇ**

| | |
|---|---|
| ਸਫ਼ਲਤਾ | ਅਸਫ਼ਲਤਾ (ਅ + ਸਫ਼ਲਤਾ) |
| ਆਸ | ਨਿਰਾਸ (ਨਿਰ + ਆਸ) |
| ਪੜ੍ਹਿਆ | ਅਨਪੜ੍ਹ (ਅਨ + ਪੜ੍ਹ) |
| ਹਾਜ਼ਰ | ਗ਼ੈਰਹਾਜ਼ਰ (ਗ਼ੈਰ + ਹਾਜ਼ਰ) |
| ਸਮਰੱਥ | ਅਸਮਰਥ (ਅ + ਸਮਰੱਥ) |

ਕੁਝ ਅਜਿਹੇ ਸ਼ਬਦ ਹਨ, ਜਿਨ੍ਹਾਂ ਅੱਗੇ ਵੱਖ-ਵੱਖ ਅਗੇਤਰ ਲੱਗਣ ਨਾਲ਼ ਵਿਰੋਧਾਰਥਕ ਜੋੜੇ ਬਣਦੇ ਹਨ, ਜਿਵੇਂ :

| | | | |
|---|---|---|---|
| (ਆਕਾਰ) | ਸਾਕਾਰ | (ਸ+ਆਕਾਰ) | ਨਿਰਾਕਾਰ (ਨਿਰ+ਆਕਾਰ) |
| (ਜੋਗ) | ਸੰਜੋਗ | (ਸੰ+ਜੋਗ) | ਵਿਜੋਗ (ਵਿ+ਜੋਗ) |
| (ਵੇਲ਼ਾ) | ਸਵੇਲ਼ਾ | (ਸ+ਵੇਲ਼ਾ) | ਕਵੇਲ਼ਾ (ਕ+ਵੇਲ਼ਾ) |
| (ਆਚਾਰ) | ਦੁਰਾਚਾਰ | (ਦੁਰ+ਆਚਾਰ) | ਸਦਾਚਾਰ (ਸਦ+ਆਚਾਰ) |

ਹੇਠਾਂ ਪੰਜਾਬੀ ਵਿੱਚ ਵਿਰੋਧਾਰਥਕ ਸ਼ਬਦਾਂ ਦੇ ਜੋੜਿਆਂ ਵਿੱਚੋਂ ਕੁਝ ਉਦਾਹਰਨਾਂ ਦਿੱਤੀਆਂ ਜਾਂਦੀਆਂ ਹਨ :

**(ਕਿਰਿਆ-ਸ਼ਬਦ)**

| | | | |
|---|---|---|---|
| ਉੱਸਰਨਾ | ਢਹਿਣਾ, ਢੱਠਣਾ | ਉੱਜੜਨਾ | ਵੱਸਣਾ |
| ਉੱਤਰਨਾ | ਚੜ੍ਹਨਾ | ਉਲਝਣਾ | ਸੁਲਝਣਾ |
| ਸਲਾਹੁਣਾ | ਨਿੰਦਣਾ/ਭੰਡਣਾ | ਸੁਆਰਨਾ | ਵਿਗਾੜਨਾ |
| ਸੁੱਟਣਾ | ਚੁੱਕਣਾ | ਸੁਧਰਨਾ | ਵਿਗੜਨਾ |
| ਖ਼ਰੀਦਣਾ | ਵੇਚਣਾ | ਗੁਆਚਣਾ | ਮਿਲ਼ਨਾ, ਲੱਭਣਾ |

| | | | |
|---|---|---|---|
| ਘਟਣਾ | ਵਧਣਾ | ਚੜ੍ਹਨਾ | ਉੱਤਰਨਾ, ਲਹਿਣਾ |
| (**ਕਿਰਿਆ**) | | | |
| ਛੱਡਣਾ | ਫੜਨਾ | ਜਗਣਾ | ਬੁਝਣਾ |
| ਜਿੱਤਣਾ | ਹਾਰਨਾ | ਤਾਰਨਾ | ਡੋਬਣਾ |
| ਪੁੱਟਣਾ | ਦੱਬਣਾ, ਗੱਡਣਾ, ਲਾਉਣਾ | ਬੰਨ੍ਹਣਾ | ਖੋਲ੍ਹਣਾ |
| ਭਿੱਜਣਾ | ਸੁੱਕਣਾ | ਮੰਨਣਾ | ਰੁੱਸਣਾ, ਮੁੱਕਰਨਾ |
| (**ਨਾਂਵ-ਸ਼ਬਦ**) | | | |
| ਉੱਦਮ | ਆਲਸ | ਊਚ | ਨੀਚ |
| ਅੱਗਾ | ਪਿੱਛਾ | ਅਗਾੜੀ | ਪਿਛਾੜੀ |
| ਅਜ਼ਾਦੀ | ਗ਼ੁਲਾਮੀ | ਅਮਨ | ਜੰਗ |
| ਔਖ | ਸੌਖ | ਆਸਾ | ਨਿਰਾਸਾ |
| ਆਮਦਨ | ਖ਼ਰਚ | ਸਰਾਪ | ਵਰ |
| ਸੱਚ | ਝੂਠ | ਸੱਜਣ | ਵੈਰੀ, ਦੁਰਜਨ |
| ਸੁਸਤੀ | ਚੁਸਤੀ | ਸੁੱਖ | ਦੁੱਖ |
| ਸੁਖਾਂਤ | ਦੁਖਾਂਤ | ਸੋਗ | ਹਰਖ |
| ਹਨੇਰਾ | ਚਾਨਣਾ | ਹਰਾਮ | ਹਲਾਲ |
| ਹਾਨੀ | ਲਾਭ | ਹਾਰ | ਜਿੱਤ |
| ਹਿੰਸਾ | ਅਹਿੰਸਾ | ਗਰਮੀ | ਸਰਦੀ |
| ਚੰਗਿਆਈ | ਬੁਰਿਆਈ | ਜਨਮ | ਮਰਨ |
| ਦੇਸ | ਪਰਦੇਸ | ਨਰਕ | ਸੁਰਗ |
| ਨੇਕੀ | ਬਦੀ | ਪਾਪ | ਪੁੰਨ |
| (**ਵਿਸ਼ੇਸ਼ਣ-ਸ਼ਬਦ**) | | | |
| ਉੱਚਾ | ਨੀਵਾਂ | ਉਲਟਾ | ਸਿੱਧਾ |
| ਉਤਲਾ | ਹੇਠਲਾ | ਅਸਲੀ | ਨਕਲੀ |
| ਅਗਲਾ | ਪਿਛਲਾ, ਮਗਰਲਾ | ਅੰਦਰਲਾ | ਬਾਹਰਲਾ |
| ਅਮੀਰ | ਗ਼ਰੀਬ | ਆਸਤਿਕ | ਨਾਸਤਿਕ |
| ਆਮ | ਖ਼ਾਸ | ਸਸਤਾ | ਮਹਿੰਗਾ |
| ਸੰਘਣਾ | ਵਿਰਲਾ | ਸੁੱਚਾ | ਜੂਠਾ |
| ਸੂਮ | ਸਖੀ | ਕੁਆਰਾ | ਵਿਆਹਿਆ |
| ਕੌੜਾ | ਮਿੱਠਾ | ਗੁਪਤ | ਪ੍ਰਗਟ |
| ਗੂੜ੍ਹਾ | ਫਿੱਕਾ | ਘਟੀਆ | ਵਧੀਆ |

| | | | |
|---|---|---|---|
| ਠੀਕ | ਗ਼ਲਤ | ਢਿੱਲਾ | ਕੱਸਿਆ |
| ਤਕੜਾ | ਮਾੜਾ | ਤਿੱਖਾ | ਖੁੰਢਾ |
| ਥੋੜ੍ਹਾ | ਬਹੁਤ | ਨਵਾਂ | ਪੁਰਾਣਾ |
| ਨੰਗਾ | ਕੱਜਿਆ, ਢਕਿਆ | ਬਰੀਕ | ਮੋਟਾ |
| ਬੇਹਾ | ਸੱਜਰਾ | ਭਾਰਾ | ਹੌਲ਼ਾ |
| ਭੁੱਖਾ | ਰੱਜਿਆ | ਅਕ੍ਰਿਤਘਣ | ਕ੍ਰਿਤੱਗ |